ਸਦਾਚਾਰ ਦਾ ਰਸਤਾ ਸੁੱਖ ਦੀ ਪ੍ਰਾਪਤੀ ਦਾ ਮੁੱਖ ਸਾਧਨ ਹੈ ਅਤੇ ਦੁਰਾਚਾਰ ਦਾ ਰਸਤਾ ਦੁੱਖ ਦਾ ਕਾਰਨ ਹੈ।

□ ਉੱਦਮ, ਫ਼ਰਜ਼ ਦੀ ਪਹਿਚਾਨ ਅਤੇ ਉੱਤਮ ਆਚਰਣ, ਇਹ ਤਿੰਨੇ ਹੀ ਸਥਾਈ ਸੁੱਖ ਦੇ ਅੰਗ ਹਨ।

□ ਉੱਤਮ ਕੰਮਾਂ ਨਾਲ ਪਲ ਭਰ ਦਾ ਜੀਵਨ ਵੀ ਸਫਲ, ਉਪਯੋਗੀ ਹੁੰਦਾ ਹੈ ਪਰ ਬੁਰੇ ਕੰਮ ਕਰਕੇ ਲੱਖਾਂ ਸਾਲ ਜਿਉਂਦੇ ਰਹਿਣਾ ਵੀ ਫ਼ਜ਼ੂਲ ਹੈ।

□ ਸ਼ਰੀਰ ਰੂਪੀ ਧਨ ਤੇ ਜਿੰਨਾ ਮਨੁੱਖ ਦਾ ਅਧਿਕਾਰ ਹੈ, ਉੱਨਾ ਹੀ ਅਧਿਕਾਰ ਆਪਣੇ ਚਰਿੱਤਰ ਤੇ ਵੀ ਹੈ। ਅਰਥਾਤ ਜਿਵੇਂ ਅਸੀਂ ਆਪਣੀ ਸ਼ਾਰੀਰਿਕ ਸ਼ਕਤੀ ਵਧਾ ਸਕਦੇ ਹਾਂ, ਉਸੇ ਤਰ੍ਹਾਂ ਹੀ ਚਰਿੱਤਰ ਨੂੰ ਵੀ ਉੱਨਤ ਕਰ ਸਕਦੇ ਹਾਂ।

□ ਮਨੁੱਖ ਦੀ ਅਸਲੀ ਮਨੁੱਖਤਾ ਸਦਾਚਾਰ ਹੈ। ਗ਼ਰੀਬ ਸਦਾਚਾਰੀ ਵੱਡੇ ਤੋਂ ਵੱਡੇ ਦੁਰਾਚਾਰੀ ਰਾਜੇ ਤੋਂ ਉੱਤਮ ਹੈ। ਸਦਾਚਾਰੀ ਆਪਣਾ ਅਤੇ ਦੂਜਿਆਂ ਦਾ ਭਲਾ ਕਰਦਾ ਹੈ, ਦੁਰਾਚਾਰੀ ਦੋਹਾਂ ਦੀ ਹਾਨੀ।

□ ਜਿਸਦਾ ਆਚਰਣ ਬੁਰਾ ਹੈ, ਉਸਦੀ ਨਜ਼ਰ ਪਾਪ ਤੇ ਰਹਿੰਦੀ ਹੈ, ਜਿਹੜਾ ਬੁਰੇ ਥਾਂ ਤੇ ਵੱਸਣ ਵਾਲਾ ਅਤੇ ਦੁਰਾਚਾਰੀ ਹੈ, ਅਜਿਹੇ ਪੁਰਖਾਂ ਦੇ ਨਾਲ ਜੋ ਦੋਸਤੀ ਕਰਦਾ ਹੈ, ਉਸਦਾ ਜਲਦੀ ਹੀ ਨਾਸ਼ ਹੋ ਜਾਂਦਾ ਹੈ।

☐ ਧੀਰਜ ਨਾਲ ਗ਼ਰੀਬੀ ਵੀ ਸ਼ੋਭਾ ਪਾਉਂਦੀ ਹੈ, ਸਾਫ਼ ਹੋਣ ਤੇ ਗੰਦਾ ਕਪੜਾ ਵੀ ਚੰਗਾ ਲਗਦਾ ਹੈ। ਸਾਧਾਰਨ ਅੰਨ ਵੀ ਤਾਜ਼ਾ ਹੋਣ ਤੇ ਚੰਗਾ ਲਗਦਾ ਹੈ, ਕਰੂਪ ਆਦਮੀ ਵੀ ਸੁਸ਼ੀਲਤਾ ਨਾਲ ਸ਼ੋਭਾ ਪਾਉਂਦਾ ਹੈ।

☐ ਦੁਰਾਚਾਰ ਨਾਲ ਪੈਦਾ ਹੋਇਆ ਸੁੱਖ ਪਲ ਭਰ ਲਈ ਹੈ। ਅੰਤ ਵਿਚ ਉਹ ਕਲੇਸ਼, ਕਮਜ਼ੋਰੀ ਅਤੇ ਪਛਤਾਵੇ ਨੂੰ ਆਪਣੇ ਥਾਂ ਤੇ ਛੱਡ ਦਿੰਦਾ ਹੈ।

☐ ਘਰ ਵਿਚ ਚਿੰਬੜੇ ਰਹਿਣ ਵਾਲਿਆਂ ਨੂੰ ਵਿਦਿਆ ਅਤੇ ਮਾਸ ਖਾਣ ਵਾਲਿਆਂ ਨੂੰ ਦਯਾ ਨਹੀਂ ਹੁੰਦੀ। ਧਨ ਦੇ ਲੋਭੀ ਵਿਚ ਸਚਾਈ ਨਹੀਂ ਰਹਿ ਸਕਦੀ ਅਤੇ ਦੁਰਾਚਾਰੀ ਦਾ ਪਵਿੱਤਰ ਹੋਣਾ ਮੁਸ਼ਕਿਲ ਹੈ।

☐ ਦੁਰਾਚਾਰੀ ਨਾਲ ਜ਼ਰੂਰਤ ਪੈਣ ਤੇ ਵੀ ਗੱਲ ਬਾਤ ਕਰਨੀ ਟਾਲ ਦਿਓ। ਜੇ ਬਹੁਤ ਹੀ ਜ਼ਰੂਰੀ ਹੋਵੇ ਤਾਂ ਗੱਲ ਕਰਕੇ ਅਲੱਗ ਹਟ ਜਾਓ।

☐ ਜੋ ਪੁਰਖ ਜਾਂ ਇਸਤਰੀ ਬਦਨਾਮ ਹੋਵੇ, ਚਾਲ-ਚੱਲਣ, ਰਹਿਣ-ਸਹਿਣ ਠੀਕ ਨਾ ਹੋਵੇ, ਉਸਨੂੰ ਆਪਣੇ ਘਰ ਕੰਮ ਕਾਜ ਲਈ ਨਹੀਂ ਰੱਖਣਾ ਚਾਹੀਦਾ। ਨਾ ਹੀ ਉਸਨੂੰ ਘਰ ਵਿਚ ਦਾਖ਼ਲ ਹੋਣ ਦਿਓ।

☐ ਆਪਣਾ ਆਚਰਣ ਪਵਿੱਤਰ ਰੱਖੋ। ਦੂਸਰੇ ਦੇ ਹਿੱਤ ਸਾਧਨ

ਦਾ ਅਭਿਆਸ ਕਰੋ। ਜੇ ਲਗਾਤਾਰ ਮਿਹਨਤ ਕਰਨ ਦੀ ਆਦਤ ਹੋ ਜਾਵੇ ਤਾਂ ਜੀਵਨ ਦੇ ਸਾਹਮਣੇ ਜੋ ਨਿਰਾਸ਼ਾ ਅਤੇ ਦੁੱਖ ਹੈ ਉਸਦਾ ਵੀ ਜਲਦੀ ਹੀ ਛੁਟਕਾਰਾ ਹੋ ਸਕਦਾ ਹੈ।

☐ ਇਹ ਜੀਵਨ ਜਿੰਨੇ ਬੁਰੇ ਕੰਮ ਜਾਂ ਅਪਰਾਧ ਕਰਦਾ ਹੈ ਉਹਨਾਂ ਸਾਰੇ ਅਪਰਾਧ ਰੂਪੀ ਵਿਰਛਾਂ ਤੇ ਚਾਰ ਫਲ ਲਗਦੇ ਹਨ—ਦਰਿਦਰਤਾ, ਰੋਗ, ਦੁੱਖ ਅਤੇ ਬੰਧਨ। ਬੁਰੇ ਕੰਮਾਂ ਨਾਲ ਕਦੇ ਚੰਗਾ ਫਲ ਨਹੀਂ ਪ੍ਰਾਪਤ ਹੋ ਸਕਦਾ। ਜੋ ਅੰਬ ਬੀਜਦਾ ਹੈ ਉਸਨੂੰ ਅੰਬ ਦੇ ਫਲ ਮਿਲਦੇ ਹਨ, ਜੋ ਕਿੱਕਰ ਬੀਜਦਾ ਹੈ ਉਸਨੂੰ ਕਿੱਕਰ ਦੇ ਕੰਡੇ ਮਿਲਦੇ ਹਨ।

☐ ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਦੂਜੇ ਕੋਲੋਂ ਕਿਸੇ ਚੀਜ਼ ਜਾਂ ਕੰਮ ਦਾ ਤਿਆਗ ਕਰਾਈਏ ਤਾਂ ਪਹਿਲਾਂ ਖ਼ੁਦ ਤੁਸੀਂ ਉਸਦਾ ਤਿਆਗ ਕਰ ਦਿਓ। ਕਰਨ ਦਾ ਜਿੰਨਾ ਅਸਰ ਹੁੰਦਾ ਹੈ, ਉੱਨਾ ਸ਼ਬਦਾਂ ਦਾ ਨਹੀਂ।

☐ ਨਰਮ ਮਨੁੱਖ ਆਪਣੀ ਕਮਜ਼ੋਰੀ ਅਤੇ ਅਗਿਆਨਤਾ ਸਵੀਕਾਰ ਕਰਕੇ ਦੂਜਿਆਂ ਦੀ ਸੁਣਦਾ ਹੈ ਸਿੱਖਿਆ ਗ੍ਰਹਿਣ ਕਰਦਾ ਹੈ, ਇਸ ਲਈ ਉਸਦੇ ਅੱਗੇ ਵਧਣ ਦੀ ਜ਼ਿਆਦਾ ਸੰਭਾਵਨਾ ਹੈ।

☐ ਜੋ ਮਨੁੱਖ ਮਾਂ ਬਾਪ ਆਦਿ ਬਜ਼ੁਰਗਾਂ ਨੂੰ ਨਮਸਕਾਰ ਕਰਦਾ ਹੈ ਉਸ ਵਿਚ ਨਰਮਾਈ ਦਾ ਵਾਸ ਹੁੰਦਾ ਹੈ। ਨਰਮ ਮਨੁੱਖ

ਵਿਚ ਹੀ ਦੂਜੇ ਸਾਰੇ ਗੁਣ ਰਹਿ ਸਕਦੇ ਹਨ। ਇਸ ਲਈ ਵੱਡਿਆਂ ਨੂੰ ਸਦਾ ਨਮਸਕਾਰ ਕਰਨਾ ਚਾਹੀਦਾ ਹੈ।

□ ਜਿਹੜੇ ਮਨੁੱਖ ਆਪਣੇ ਮੂਹੋਂ ਆਪਣੀ ਵਡਿਆਈ ਨਾ ਕਰਨ ਅਤੇ ਦੂਜੇ ਉਸਦੀ ਵਡਿਆਈ ਕਰਨ ਉਹੀ ਅਸਲ ਵਿਚ ਪ੍ਰਸ਼ੰਸਾ ਦਾ ਪਾਤਰ ਹੈ। ਆਪਣੇ ਮੂੰਹ ਮਿਯਾਂ ਮਿੱਠੂ ਬਨਣ ਵਾਲਾ, ਚਾਹੇ ਉਹ ਇੰਦਰ ਹੋਵੇ ਤੁੱਛ ਸਮਝਿਆ ਜਾਂਦਾ ਹੈ।

□ ਦੋ ਕਾਲੀਆਂ ਚੀਜ਼ਾਂ ਦੇ ਮਿਲਣ ਨਾਲ ਇਕ ਸਫੇਦ ਚੀਜ਼ ਪੈਦਾ ਨਹੀਂ ਹੋ ਸਕਦੀ। ਨਿੰਦਾ ਕਰਨ ਵਾਲੇ ਆਦਮੀ ਦੀ ਨਿੰਦਾ ਕਰਨ ਨਾਲ ਯਸ਼ ਨਹੀਂ ਮਿਲ ਸਕਦਾ। ਨਿੰਦਿਆ ਹੀ ਹੁੰਦੀ ਹੈ।

□ ਦੁਰਜਨ ਕਿਸੇ ਧਰਮਾਤਮਾ ਦਾ ਯਸ਼ ਦੇਖ ਕੇ ਈਰਖਾ ਰੂਪੀ ਅੱਗ ਨਾਲ ਜਲਨ ਲਗ ਜਾਂਦੇ ਹਨ ਕਿਉਂਕਿ ਉਹ ਉਹਨਾਂ ਦੀ ਸਮਾਨਤਾ ਨਹੀਂ ਕਰ ਸਕਦੇ। ਬੁੱਧੀਮਾਨਾਂ ਨੂੰ ਚਾਹੀਦਾ ਹੈ ਕਿ ਉਹ ਨਿੰਦਕ ਦੁਰਜਨਾਂ ਵਲ ਧਿਆਨ ਨਾ ਦੇਣ।

□ ਮਨੁੱਖ ਨੂੰ ਦੂਜੇ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ, ਆਪਣੇ ਤੋਂ ਉਲਟੀ ਦਿਸ਼ਾ ਵਿਚ ਚੱਲਣ ਵਾਲੇ ਨੂੰ ਪ੍ਰੇਮ ਨਾਲ ਚੰਗੇ ਰਸਤੇ ਤੇ ਲਿਆਉਣ ਦਾ ਪੂਰਾ ਯਤਨ ਕਰਨਾ ਚਾਹੀਦਾ ਹੈ ਜੇ ਇਸ ਵਿਚ ਸਫਲਤਾ ਨਾ ਮਿਲੇ ਅਰਥਾਤ ਉਹ ਉਲਟੀ ਦਿਸ਼ਾ ਜਾਂ ਦੁਸ਼ਮਣੀ ਦਾ ਤਿਆਗ ਨਾ ਕਰੇ

ਤਾਂ ਉਸ ਨਾਲ ਭੇਦ ਭਾਵ ਨਾ ਕਰੋ ਸਗੋਂ ਚੁੱਪ ਰਹੋ।

☐ ਇਸ ਆਦਮੀ ਵਿਚ ਇਹ ਬੁਰਾਈ ਹੈ ਅਰਥਾਤ ਉਸਦੀ ਨਿੰਦਿਆ ਕਰਨੀ ਠੀਕ ਨਹੀਂ। ਜੇ ਤੁਹਾਡੇ ਮਨ ਵਿਚ ਉਸਨੂੰ ਸੁਧਾਰਨ ਦਾ ਵਿਚਾਰ ਹੋਵੇ ਤਾਂ ਉਸਦੀ ਨਹੀਂ ਸਗੋਂ ਉਸਦੀ ਬੁਰਾਈ ਦੀ ਨਿੰਦਿਆ ਕਰੋ। ਉਸਨੂੰ ਇਕੱਲੇ ਸਮਝਾਓ।

☐ ਹੰਕਾਰੀ ਮਨੁੱਖ ਦੇ ਦਿਲ ਵਿਚ ਉੱਤਮ ਸਿਖਿਆ ਦਾ ਬੀਜ ਨਹੀਂ ਜੰਮਦਾ। ਸਿਖਿਆਵਾਂ ਪਹਾੜ ਤੋਂ ਡਿੱਗੇ ਹੋਏ ਪਾਣੀ ਸਮਾਨ ਲੁੜ੍ਹਕ ਜਾਂਦੀਆਂ ਹਨ।

☐ ਸੱਤਾ ਅਤੇ ਉੱਚੇ ਅਹੁਦੇ ਵਾਲਿਆਂ ਨੂੰ ਜ਼ਿਆਦਾ ਹਾਨੀ ਸਹਿਣੀ ਪੈਂਦੀ ਹੈ। ਕਿਉਂਕਿ ਉਹ ਸੱਤਾ ਜਾਂ ਪਦਵੀ ਦੇ ਅਭਿਮਾਨ ਦੇ ਕਾਰਨ ਦੂਜਿਆਂ ਤੋਂ ਗਿਆਨ ਨਹੀਂ ਲੈ ਸਕਦੇ।

☐ ਜਿਨ੍ਹਾਂ ਵਿਚ ਵਿਦਿਆ, ਤਪ, ਦਾਨ, ਸ਼ੀਲ ਜਾਂ ਦੂਜੇ ਸਤਿ-ਕਰਮ ਨਹੀਂ ਉਹ ਮਨੁੱਖ, ਮਨੁੱਖ ਨਹੀਂ ਸਗੋਂ ਪਸ਼ੂ ਹਨ। ਮਨੁੱਖਤਾ ਸੱਚੇ ਗੁਣਾਂ ਵਿਚ ਹੈ।

☐ ਮਨੁੱਖ ਦੀ ਵਡਿਆਈ ਉਸਦੇ ਗੁਣਾਂ ਕਰਕੇ ਹੁੰਦੀ ਹੈ। ਉੱਚੇ ਅਹੁਦੇ ਜਾਂ ਆਸਨ ਤੇ ਬੈਠਣ ਨਾਲ ਨਹੀਂ। ਕਾਂ ਚਾਹੇ ਮਹਿਲ ਦੇ ਸ਼ਿਖਰ ਤੇ ਬਹਿ ਜਾਵੇ ਤਾਂ ਕੀ ਉਹ ਵੱਡਾ ਹੋ ਸਕਦਾ ਹੈ?

- ਵੱਡੇ ਤੋਂ ਵੱਡੇ ਧਨਵਾਨ ਦਾ ਸਭ ਥਾਵਾਂ ਤੇ ਆਦਰ ਨਹੀਂ ਹੁੰਦਾ, ਪਰ ਗੁਣਾਂ ਦਾ ਹੁੰਦਾ ਹੈ। ਜਿਸ ਤਰ੍ਹਾਂ ਲੋਕ ਪੂਰਣ-ਮਾਸ਼ੀ ਦੇ ਪੂਰੇ ਚੰਦਰਮਾ ਦਾ ਉੱਨਾ ਆਦਰ ਨਹੀਂ ਕਰਦੇ ਜਿੰਨਾ ਕਿ ਕਲੰਕ ਤੋਂ ਰਹਿਤ ਦੂਜ ਦੇ ਚੰਦਰਮਾ ਦਾ ਕਰਦੇ ਹਨ।

- ਲੱਖਾਂ ਰੁਪਈਆਂ ਦੀ ਆਮਦਨ ਵਾਲੀ ਜ਼ਿਮੀਂਦਾਰੀ ਮਿਲਣ ਦੀ ਬਜਾਏ ਚੀਜ਼ ਦੀ ਸਥਿਤੀ ਅਤੇ ਆਸ-ਪਾਸ ਦੇ ਸੰਜੋਗ ਨੂੰ ਆਪਣੇ ਅਨੁਕੂਲ ਬਨਾਉਣ ਦੀ ਆਦਤ ਹੋਣੀ ਚੰਗੀ ਹੈ ਜੋ ਮਨੁੱਖ ਹਰ ਚੀਜ਼ ਵਿਚ ਗੁਣ ਦੇਖਦਾ ਹੈ ਉਸਨੂੰ ਭਾਰੀ ਸੰਕਟ ਆ ਜਾਣ ਤੇ ਵੀ ਸੁੱਖ ਸ਼ਾਂਤੀ ਅਤੇ ਹੌਂਸਲਾ ਮਿਲਿਆ ਰਹਿੰਦਾ ਹੈ। ਹੱਸਮੁਖ ਸੁਭਾਓ ਅਤੇ ਹਰ ਇਕ ਕੰਮ ਦੇ ਭਵਿੱਖ ਨੂੰ ਉਜਲਾ ਅਤੇ ਆਸ਼ਾਪੂਰਣ ਦ੍ਰਿਸ਼ਟੀ ਨਾਲ ਦੇਖਣ ਦੀ ਆਦਤ ਜੀਵਨ ਦੇ ਸੁੱਖ ਦਾ ਸਾਧਨ ਹੈ।

- ਲੋਭੀ ਨੂੰ ਧਨ ਨਾਲ, ਅਭਿਮਾਨੀ ਨੂੰ ਨਿਮਰਤਾ ਨਾਲ, ਮੂਰਖ ਨੂੰ ਉਸਦੇ ਅਨੁਸਾਰ ਚੱਲ ਕੇ ਅਤੇ ਪੰਡਤ ਨੂੰ ਸਚਾਈ ਨਾਲ ਵੱਸ਼ ਵਿਚ ਕਰਨਾ ਚਾਹੀਦਾ ਹੈ।

- ਵਿਦਵਾਨ ਪੁਰਖ ਨੂੰ ਚਾਹੀਦਾ ਹੈ ਕਿ ਬਗੁਲੇ ਦੇ ਸਮਾਨ ਸਾਰੀਆਂ ਇੰਦਰੀਆਂ ਦਾ ਸੰਜਮ ਕਰਕੇ ਦੇਸ਼, ਕਾਲ ਅਤੇ ਬਲ ਨੂੰ ਜਾਨ ਕੇ ਸਾਰੇ ਕੰਮ ਸਿੱਧ ਕਰੇ।

- ਤਿੰਨ ਗੱਲਾਂ ਨਾਲ ਯਸ਼ ਵਧਦਾ ਹੈ—ਆਪਣੀ ਪ੍ਰਸ਼ੰਸਾ ਨਾ

ਕਰਨਾ, ਦੁਰਜਨ ਦੀ ਵੀ ਨਿੰਦਿਆ ਨਾ ਕਰਨੀ, ਦੂਜਿਆਂ ਦਾ ਦੁੱਖ ਦੂਰ ਕਰਨਾ ।

- ☐ ਚਾਹੇ ਕਿਸੇ ਪੁਰਖ ਨਾਲ ਕਿੰਨਾ ਹੀ ਪਿਆਰ ਕਿਉਂ ਨਾ ਹੋਵੇ, ਪਰ ਉਸਦੀ ਔਰਤ ਕੋਲ ਇਕੱਲੇ, ਪਵਿੱਤਰ ਭਾਵ ਲੈ ਕੇ ਵੀ ਨਾ ਜਾਵੋ ।

- ☐ ਜੇ ਕਿਸੇ ਨੇ ਤੁਹਾਨੂੰ ਕੋਈ ਗੁਪਤ ਗੱਲ ਰੱਖਣ ਲਈ ਕਿਹਾ ਹੈ ਤਾਂ ਉਸਨੂੰ ਗੁਪਤ ਹੀ ਰੱਖੋ ਭੁੱਲ ਕੇ ਵੀ ਪ੍ਰਗਟ ਨਾ ਕਰੋ ।

- ☐ ਜੇ ਕਿਸੇ ਦੀ ਬਿਨਾਂ ਸਵਾਰਥ ਸੇਵਾ ਤਨ ਮਨ ਧਨ ਨਾਲ ਕਰ ਸਕੋ ਤਾਂ ਭੁੱਲੋ ਨਹੀਂ ।

- ☐ ਜਿੱਥੇ ਕਿਤੇ ਇਕ ਵਿਸ਼ੇ ਤੇ ਗੱਲਬਾਤ ਚੱਲ ਰਹੀ ਹੋਵੇ, ਉਸ ਤੇ ਅਲੱਗ ਵਿਸ਼ੇ ਦੀ ਗੱਲ ਨਹੀਂ ਛੇੜਨੀ ਚਾਹੀਦੀ, ਨਾ ਹੀ ਗੱਲਬਾਤ ਹੀ ਕਰਨੀ ਚਾਹੀਦੀ ਹੈ ।

- ☐ ਕਿਸੇ ਦੇ ਮਕਾਨ ਵਿਚ ਜਾਣ ਤੋਂ ਪਹਿਲਾਂ ਅੰਦਰ ਜਾਣ ਦੀ ਇਜਾਜ਼ਤ ਮੰਗ ਲਓ । ਬਾਦ ਵਿਚ ਅੰਦਰ ਜਾਓ । ਐਵੇਂ ਹੀ ਅੰਦਰ ਚਲੇ ਜਾਣਾ ਠੀਕ ਨਹੀਂ ।

- ☐ ਜੇ ਤੁਸੀਂ ਕਿਸੇ ਦੀ ਨਿੰਦਿਆ ਸੁਣੀ ਹੋਵੇ ਤਾਂ ਉਸਦੀ ਨਿੰਦਾਜਨਕ ਗੱਲ ਉਸਨੂੰ ਇਕਾਂਤ ਵਿਚ ਕਹੋ, ਲੋਕਾਂ ਦੇ

ਸਾਹਮਣ ਕਦੇ ਨਾ ਕਹ।

- ☐ ਚਾਰ ਹਾਲਤਾਂ ਕਠੋਰ ਦਿਲ ਆਦਮੀ ਦੀਆਂ ਹਨ— 1. ਮਿੱਤਰਾਂ ਨੂੰ ਦੁੱਖ ਦੇਣਾ 2. ਬਿਨਾਂ ਅਧਿਕਾਰ ਪ੍ਰਵੇਸ਼ ਕਰਨਾ 3. ਬਿਨਾਂ ਬੁਲਾਏ ਬੋਲਣਾ 4. ਜੋ ਘਰ ਦਾ ਹਾਲ ਨਹੀਂ ਜਾਣਦਾ, ਉਸਨੂੰ ਘਰ ਦਾ ਸਾਰਾ ਹਾਲ ਕਹਿਣਾ।

- ☐ ਚਾਰ ਹਾਲਤਾਂ ਅਗਿਆਨਤਾ ਦੀਆਂ ਹਨ—1 ਸਾਧੂਆਂ ਅਤੇ ਪਰਦੇਸੀਆਂ ਨਾਲ ਹਾਸਾ - ਮਜ਼ਾਕ ਕਰਨਾ 2. ਸਭਾ ਵਿਚ ਬਿਨਾਂ ਅਧਿਕਾਰ ਬੈਠਣਾ 3. ਐਵੇਂ ਵਾਦ-ਵਿਵਾਦ ਕਰਨਾ 4. ਛੋਟੇ ਵੱਡਿਆਂ ਦਾ ਧਿਆਨ ਨਾ ਰੱਖ ਕੇ ਫ਼ਜ਼ੂਲ ਬਕਵਾਸ ਕਰਨਾ।

- ☐ ਚਾਰ ਹਾਲਤਾਂ ਇੱਜ਼ਤਦਾਰ ਆਦਮੀ ਦੀਆਂ ਹਨ 1. ਪ੍ਰਤਿ- ਗਿਆ ਕਰਕੇ ਭੰਗ ਨਾ ਕਰਨਾ 2. ਕਿਸੇ ਤੋਂ ਕਿਸੇ ਤਰ੍ਹਾਂ ਦੀ ਇੱਛਾ ਨਾ ਰਖਣਾ 3. ਰਿਸ਼ਤੇਦਾਰਾਂ ਅਤੇ ਅਮੀਰਾਂ ਦੇ ਘਰ ਘੱਟ ਜਾਣਾ 4. ਗ਼ਰੀਬ ਦੀ ਸਹਾਇਤਾ ਕਰਨੀ।

- ☐ ਵਸਤੂ ਸਵਰੂਪ ਦਾ ਜਾਨਣ ਵਾਲਾ ਆਪਣੇ ਉੱਤੇ ਕੋਈ ਕਲੇਸ਼ ਨਹੀਂ ਆਉਣ ਦਿੰਦਾ। ਨਿਯਮਾਂ ਦਾ ਗਿਆਨ ਹੋਣ ਤੇ ਉਹ ਯਥਾਯੋਗ ਆਚਰਣ ਕਰਦੇ ਹਨ। ਸਿਖਿਆ ਰਾਹੀਂ ਆਪਣੀਆਂ ਇੱਛਾਵਾਂ ਨੂੰ ਵੱਸ ਵਿਚ ਕਰ ਸਕਦੇ ਹਨ।

- ☐ ਜੋ ਰਿਵਾਜ ਜਨਤਾ ਨੂੰ ਸੁੱਖ ਅਤੇ ਲਾਭ ਪਹੁੰਚਾਉਂਦੇ ਹਨ,

ਉਨ੍ਹਾਂ ਨੂੰ ਉੱਤੇਜਨਾ ਦੇਣ ਲਈ ਦੇਸ਼ ਵਿਚ ਜਿਸ ਸ਼ਕਤੀ ਦਾ ਪ੍ਰਯੋਗ ਕੀਤਾ ਜਾਂਦਾ ਹੈ ਉਸਨੂੰ ਕਿਸਮਤ ਵਾਲਾ ਸਮਝਣਾ ਚਾਹੀਦਾ ਹੈ।

☐ ਉਹ ਪੁੱਤਰ ਹੈ ਜੋ ਪਿਤਾ ਦਾ ਭਗਤ ਹੈ। ਉਹੀ ਪਿਤਾ ਹੈ ਜੋ ਆਪਣੇ ਪੁੱਤਰ ਦਾ ਚੰਗੀ ਤਰ੍ਹਾਂ ਪਾਲਣ ਕਰਕੇ ਉਸਨੂੰ ਯੋਗ ਬਣਾਉਂਦਾ ਹੈ। ਉਹੀ ਮਿੱਤਰ ਹੈ ਜੋ ਵਿਸ਼ਵਾਸ ਦੇ ਯੋਗ ਹੈ। ਉਹੀ ਪਤੀ ਪਤਨੀ ਚੰਗੇ ਹਨ ਜੋ ਆਪਸ ਵਿਚ ਇਕ ਦੂਜੇ ਨੂੰ ਸੁਖੀ ਰਖਦੇ ਹਨ।

☐ ਪਿੱਠ ਪਿੱਛੇ ਬੁਰਾਈ ਕਰਨ ਵਾਲਾ ਅਤੇ ਮੂੰਹ ਤੇ ਮਿਠੀਆਂ ਗੱਲਾਂ ਕਰਨ ਵਾਲਾ ਮਿਤਰ, ਮੂੰਹ ਤਕ ਅੰਮ੍ਰਿਤ ਅਤੇ ਪੇਟ ਵਿਚ ਜ਼ਹਿਰ ਦੀ ਤਰ੍ਹਾਂ ਭਰੇ ਹੋਏ ਘੜੇ ਵਾਂਗ ਹੁੰਦਾ ਹੈ ਉਸਨੂੰ ਛੱਡ ਦੇਣਾ ਚਾਹੀਦਾ ਹੈ।

☐ ਸਾਰੇ ਪਰਵਤਾਂ ਵਿਚ ਮਣੀਆਂ ਨਹੀਂ ਹੁੰਦੀਆਂ ਸਾਰੇ ਹਾਥੀਆਂ ਵਿਚ ਮੋਤੀ ਨਹੀਂ ਮਿਲਦੇ, ਸਾਧੂ ਪੁਰਖ ਹਰ ਥਾਂ ਤੇ ਨਹੀਂ ਹੁੰਦੇ ਸਾਰੇ ਵਨਾਂ ਵਿਚ ਚੰਦਨ ਦੇ ਰੁੱਖ ਨਹੀਂ ਮਿਲਦੇ।

☐ ਕੰਨਿਆ ਉੱਤਮ ਕੁਲ ਵਾਲੇ ਨੂੰ ਦੇਣੀ ਚਾਹੀਦੀ ਹੈ, ਪੁੱਤਰ ਨੂੰ ਵਿਦਿਆ ਪੜ੍ਹਾਉਣੀ ਚਾਹੀਦੀ ਹੈ, ਮਿਤਰ ਨੂੰ ਧਰਮ ਦੇ ਕੰਮਾਂ ਵਿਚ ਲਾਉਣਾ ਚਾਹੀਦਾ ਹੈ।

☐ ਜੇ ਅਜਿਹਾ ਕੰਮ ਨਾ ਕਰ ਸਕੋ ਜਿਸ ਨਾਲ ਸਭ ਦਾ ਭਲਾ

ਹੋਵੇ ਤਾਂ ਅਜਿਹਾ ਕੰਮ ਕਰੋ ਜਿਸ ਨਾਲ ਬਹੁਤਿਆਂ ਦਾ ਭਲਾ ਹੋਵੇ। ਪਰਿਵਾਰ ਦੇ ਭਲੇ ਲਈ ਇਕ ਆਦਮੀ ਦਾ ਖਿਆਲ ਨਾ ਕਰੋ। ਪਿੰਡ ਦੇ ਲਈ ਪਰਿਵਾਰ ਦਾ ਅਤੇ ਦੇਸ਼ ਦੇ ਲਈ ਪਿੰਡ ਦਾ ਵੀ ਧਿਆਨ ਨਾ ਕਰੋ।

☐ ਮਿਹਨਤ ਕਰਨ ਨਾਲ ਦਰਿਦਰਤਾ ਨਸ਼ਟ ਹੁੰਦੀ ਹੈ, ਜਾਪ ਕਰਨ ਨਾਲ ਪਾਪ ਨਹੀਂ ਰਹਿੰਦਾ, ਮੌਨ ਰੱਖਣ ਨਾਲ ਕਲੇਸ਼ ਨਹੀਂ ਹੁੰਦਾ ਅਤੇ ਸਾਵਧਾਨ ਰਹਿਣ ਨਾਲ ਸੰਕਟ ਨਹੀਂ ਆਉਂਦਾ।

☐ ਜ਼ਿਆਦਾ ਸੁੰਦਰਤਾ ਦੇ ਕਾਰਨ ਸੀਤਾ ਦਾ ਹਰਣ ਹੋਇਆ। ਜ਼ਿਆਦਾ ਘਮੰਡ ਦੇ ਕਾਰਨ ਰਾਵਣ ਮਾਰਿਆ ਗਿਆ। ਜ਼ਿਆਦਾ ਦਾਨ ਨਾਲ ਰਾਜਾ ਬਲੀ ਬੰਨ੍ਹਿਆ ਗਿਆ। ਸੱਚ ਹੈ ਅਤਿ ਕਦੇ ਚੰਗੀ ਨਹੀਂ ਹੁੰਦੀ।

☐ ਸਮਰੱਥ ਮਨੁੱਖ ਨੂੰ ਕਿਹੜੀ ਚੀਜ਼ ਪਿਆਰੀ ਨਹੀਂ ਲਗਦੀ? ਉਦਮੀਆਂ ਦੇ ਲਈ ਕੀ ਦੂਰ ਹੈ? ਵਿਦਵਾਨਾਂ ਲਈ ਵਿਦੇਸ਼ ਕੀ ਹੈ? ਮਿੱਠਾ ਬੋਲਣ ਵਾਲਾ ਕਿਸਨੂੰ ਚੰਗਾ ਨਹੀਂ ਲਗਦਾ?

☐ ਵਰਖਾ ਦੇ ਸਮਾਨ ਦੂਜਾ ਕੋਈ ਜਲ ਨਹੀਂ, ਆਤਮ-ਬਲ ਦੇ ਸਮਾਨ ਦੂਜਾ ਕੋਈ ਬਲ ਨਹੀਂ, ਅੱਖਾਂ ਦੇ ਤੇਜ ਦੇ ਸਮਾਨ ਦੂਜਾ ਕੋਈ ਤੇਜ ਨਹੀਂ, ਅੰਨ ਦੇ ਸਮਾਨ ਦੂਜਾ ਕੋਈ ਰੱਖਿਅਕ ਨਹੀਂ।

□ ਚਾਰ ਪ੍ਰਕਾਰ ਦੇ ਅੰਨ੍ਹੇ ਹੁੰਦੇ ਹਨ—1. ਜਨਮ ਤੋਂ ਅੰਨ੍ਹਾ—ਜਨਮਾਂਧ 2. ਕਾਮ ਵਿਚ ਅੰਨ੍ਹਾ—ਕਾਮਾਂਧ 3 ਮਦ(ਹੰਕਾਰ) ਵਿਚ ਅੰਨ੍ਹਾ—ਮਦਾਂਧ (4, ਅਰਥਾਂਧ (ਲਾਲਚੀ), ਕਿਉਂਕਿ ਇਹ ਚਾਰੇ ਹਾਨੀ ਲਾਭ ਨੂੰ ਨਹੀਂ ਦੇਖ ਸਕਦੇ ।

□ ਸ਼ੇਰ ਤੋਂ ਇਕ ਗੁਣ ਸਿਖਣਾ ਚਾਹੀਦਾ ਹੈ, ਅਰਥਾਤ ਜੋ ਛੋਟਾ ਜਾਂ ਵੱਡਾ ਕੰਮ ਕਰਨਾ ਹੈ, ਉਸਨੂ ਹਰ ਪ੍ਰਕਾਰ ਦੇ ਯਤਨਾਂ ਨਾਲ ਕਰ ਹੀ ਲੈਣਾ ਚਾਹੀਦਾ ਹੈ ।

□ ਠੀਕ ਸਮੇਂ ਤੇ ਜਾਗਣਾ, ਯੁੱਧ ਵਿਚ ਉੱਦਮੀ ਰਹਿਣਾ, ਜੋ ਵਸਤੂ ਮਿਲੇ ਉਸਨੂੰ ਵੰਡ ਕੇ ਕੰਮ ਵਿਚ ਲਿਆਉਣਾ, ਆਪਣੀਆਂ ਭੁਜਾਵਾਂ ਦੇ ਬਲ ਨਾਲ ਭੋਜਨ ਕਮਾਉਣਾ, ਇਹ ਚਾਰ ਗੁਣ ਸਿੱਖਣੇ ਚਾਹੀਦੇ ਹਨ ।

□ ਜ਼ਿਆਦਾ ਖਾਣ ਦੀ ਸ਼ਕਤੀ ਹੁੰਦੇ ਹੋਏ ਵੀ ਥੋੜੇ ਨਾਲ ਸੰਤੁਸ਼ਟ ਰਹਿਣਾ, ਗੂੜ੍ਹੀ ਨੀਂਦ ਦੇ ਹੁੰਦੇ ਹੋਏ ਵੀ ਜਲਦੀ ਹੀ ਜਾਗ ਜਾਣਾ, ਸਵਾਮੀ ਭਗਤ ਹੋਣਾ, ਇਹ ਗੁਣ ਕੁੱਤੇ ਤੋਂ ਸਿੱਖਣੇ ਚਾਹੀਦੇ ਹਨ ।

□ ਬਹੁਤ ਜ਼ਿਆਦਾ ਥੱਕ ਜਾਣ ਤੇ ਵੀ ਬੋਝ ਢੋਂਦੇ ਰਹਿਣਾ, ਗਰਮੀ ਸਰਦੀ ਦੀ ਪਰਵਾਹ ਨਾ ਕਰਨਾ, ਸਦਾ ਸੰਤੁਸ਼ਟ ਰਹਿਣਾ, ਇਹ ਤਿੰਨ ਗੁਣ ਗਧੇ ਤੋਂ ਸਿੱਖਣੇ ਚਾਹੀਦੇ ਹਨ ।

□ ਕਹਾਵਤ ਹੈ—ਗੱਡੀ ਨਾਲੋਂ ਪੰਜ ਹੱਥ, ਘੋੜੇ ਤੋਂ ਦਸ ਹੱਥ,

ਹਾਥੀ ਤੋਂ ਹਜ਼ਾਰ ਹਥ ਦੂਰ ਰਹਿਣਾ ਚਾਹੀਦਾ ਹੈ। ਪਰ ਦੁਰਜਨ ਤੋਂ ਦੂਰ ਰਹਿਣ ਲਈ ਜੇ ਦੇਸ਼ ਵੀ ਛੱਡਣਾ ਪਵੇ ਤਾਂ ਛੱਡ ਦੇਣਾ ਚਾਹੀਦਾ ਹੈ।

- ☐ ਅਨੁਚਿਤ ਕੰਮ ਸ਼ੁਰੂ ਕਰਨਾ, ਸਮੇਂ ਦੇ ਵੇਗ ਤੋਂ ਉਲਟਾ ਚਲਣਾ, ਬਲਵਾਨ ਦੇ ਨਾਲ ਧੱਕਾਮੁੱਕੀ ਕਰਨਾ, ਦੁਸ਼ਟਾਂ ਤੇ ਪੂਰਾ ਵਿਸ਼ਵਾਸ ਕਰਨਾ, ਇਹ ਚਾਰੇ ਮੌਤ ਦੇ ਦਰਵਾਜ਼ੇ ਹਨ।

- ☐ ਕੰਮ ਤੋਂ ਹੀ ਮਨੁੱਖ ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਹੁੰਦਾ ਹੈ।

- ☐ ਜੋ ਪੁਰਖ ਅਧਿਕਾਰ ਪ੍ਰਾਪਤ ਕਰਕੇ ਆਪਣੀ ਆਗਿਆ ਦਾ ਪਾਲਣ ਨਹੀਂ ਕਰਾ ਸਕਦਾ, ਕੀਰਤੀ ਨਹੀਂ ਪਾ ਸਕਦਾ, ਧਾਰਮਿਕ ਆਗਿਆਵਾਂ ਦਾ ਪਾਲਨ ਨਹੀਂ ਕਰ ਸਕਦਾ, ਦਾਨ ਅਤੇ ਸੱਜਨਾਂ ਦੀ ਨਕਲ ਨਹੀਂ ਕਰ ਸਕਦਾ, ਉਸਦਾ ਅਧਿਕਾਰ ਪਾਉਣਾ ਵਿਅਰਥ ਹੈ।

- ☐ ਕੋਈ ਨਿੰਦਿਆ ਕਰੇ ਜਾਂ ਪ੍ਰਸ਼ੰਸਾ, ਲੱਛਮੀ ਮਿਲੇ ਜਾਂ ਚਲੀ ਜਾਵੇ, ਅੱਜ ਹੀ ਮਰਨਾ ਪਵੇ ਜਾਂ ਲੱਖਾਂ ਸਾਲਾਂ ਤਕ ਜਿਉਂਦੇ ਰਹਿਣਾ ਪਵੇ, ਪਰ ਧੀਰਜ ਰੱਖਣ ਵਾਲੇ ਪੁਰਖ ਨਿਆਂ-ਮਾਰਗ ਤੋਂ ਵਿਚਲਿਤ ਨਹੀਂ ਹੁੰਦੇ।

- ☐ ਜੋ ਜਿਸ ਦੇ ਦਿਲ ਵਿਚ ਵੱਸਿਆ ਰਹਿੰਦਾ ਹੈ, ਜੇ ਉਹ ਦੂਰ ਹੋਵੇ ਤਾਂ ਵੀ ਦੂਰ ਨਹੀਂ। ਜੋ ਜਿਸਦੇ ਦਿਲ ਵਿਚ ਨਹੀਂ

ਹੈ, ਜੇ ਉਹ ਕੋਲ ਵੀ ਹੋਵੇ ਤਾਂ ਕੋਲ ਹੋ ਕੇ ਵੀ ਉਹ ਦੂਰ ਹੀ ਹੈ।

- ☐ ਧਰਮ, ਧਨ-ਮਾਲ, ਗੁਰੂ ਦਾ ਵਚਨ ਅਤੇ ਦਵਾਈ, ਇਹਨਾਂ ਦਾ ਪ੍ਰਯੋਗ ਯੋਗ ਢੰਗ ਨਾਲ ਕਰਨਾ ਚਾਹੀਦਾ ਹੈ. ਜੇ ਠੀਕ ਢੰਗ ਨਾਲ ਪ੍ਰਯੋਗ ਨਾ ਕੀਤਾ ਜਾਵੇ ਤਾਂ ਲਾਭ ਦੇ ਬਦਲੇ ਹਾਨੀ ਹੁੰਦੀ ਹੈ।

- ☐ ਮਣੀ ਨੂੰ ਨਾਸਮਝ ਲੋਕ ਪੈਰਾਂ ਨਾਲ ਠੁਕਰਾਉਂਦੇ ਹਨ ਅਤੇ ਕੱਚ ਨੂੰ ਮੱਥੇ ਤੇ ਰੱਖਦੇ ਹਨ। ਪਰ ਚਾਲਾਕ ਜੌਹਰੀ ਦੇ ਸਾਹਮਣੇ ਮਣੀ, ਮਣੀ ਹੀ ਰਹਿੰਦੀ ਹੈ ਅਤੇ ਕੱਚ, ਕੱਚ ਹੀ।

- ☐ ਅੰਮ੍ਰਿਤ ਦਾ ਘਰ, ਦਵਾਈਆਂ ਦਾ ਸਵਾਮੀ, ਅੰਮ੍ਰਿਤ ਦੇ ਸਮਾਨ ਸ਼ਰੀਰ ਅਤੇ ਪੂਰੀ ਸ਼ੋਭਾ ਵਾਲਾ ਚੰਦਰਮਾ, ਸੂਰਜ ਮੰਡਲ ਵਿਚ ਜਾ ਕੇ ਫਿੱਕਾ ਪੈ ਜਾਂਦਾ ਹੈ। ਠੀਕ ਹੀ ਹੈ— ਪਰਾਏ ਘਰ ਵਿਚ ਜਾਣ ਨਾਲ ਕੌਣ ਨੀਵਾਂ ਨਹੀਂ ਹੋ ਜਾਂਦਾ।

- ☐ ਤਿਨਕਾ ਬਹੁਤ ਹਲਕਾ ਹੁੰਦਾ ਹੈ, ਉਸਤੋਂ ਵੀ ਹਲਕੀ ਰੂੰ ਅਤੇ ਰੂੰ ਤੋਂ ਵੀ ਹਲਕਾ ਭਿਖਾਰੀ ਹੁੰਦਾ ਹੈ। ਪਰ ਹਵਾ ਉਸ ਨੂੰ ਨਹੀਂ ਉਡਾਉਂਦੀ, ਉਹ ਸਮਝਦੀ ਹੈ ਕਿ ਇਹ ਮੇਰੇ ਕੋਲੋਂ ਹੀ ਕੁਝ ਨਾ ਮੰਗ ਲਵੇ।

- ☐ ਸੱਪ ਦੇ ਦੰਦਾਂ ਵਿਚ ਜ਼ਹਿਰ ਹੁੰਦਾ ਹੈ, ਮੱਖੀ ਦੇ ਸਿਰ ਵਿਚ

ਜ਼ਹਿਰ ਹੁੰਦਾ ਹੈ, ਬਿੱਛੂ ਦੇ ਡੰਗ ਵਿਚ ਜ਼ਹਿਰ ਹੁੰਦਾ ਹੈ, ਪਰ ਦੁਰਜਨ ਦੇ ਸਾਰੇ ਸ਼ਰੀਰ ਵਿਚ ਹੀ ਜ਼ਹਿਰ ਹੁੰਦਾ ਹੈ ।

☐ ਜਿਨ੍ਹਾਂ ਸੱਜਣਾਂ ਦੇ ਮਨ ਵਿਚ ਹਮੇਸ਼ਾ ਹੀ ਦੂਜੇ ਦੀ ਭਲਾਈ ਕਰਨ ਦੀ ਇੱਛਾ ਰਹਿੰਦੀ ਹੈ, ਉਹਨਾਂ ਦਾ ਸਾਰਾ ਦੁੱਖ ਨਸ਼ਟ ਹੋ ਜਾਂਦਾ ਹੈ ਅਤੇ ਹਰ ਪ੍ਰਕਾਰ ਦੀ ਸੰਪੱਤੀ ਪ੍ਰਾਪਤ ਹੁੰਦੀ ਹੈ ।

☐ ਸੰਸਾਰ ਵਿਚ ਵੀਤਰਾਗ ਦੇ ਧਰਮ ਤੋਂ ਇਲਾਵਾ ਕੌਣ ਸਹਾਇਕ ਜਾਂ ਬਚਾਉਣ ਵਾਲਾ ਹੈ । ਨਵਕਾਰ ਮੰਤਰ ਤੋਂ ਵੱਧ ਕੇ ਕੇਹੜਾ ਮੰਤਰ ਹੈ । ਅਰਿਹੰਤ ਦੇਵ ਤੋਂ ਵੱਧ ਕੇ ਸੰਸਾਰ ਦਾ ਕੌਣ ਭਲਾ ਕਰਦਾ ਹੈ । ਇਹੋ ਗੱਲਾਂ ਭੂਤ, ਵਰਤਮਾਨ ਤੇ ਭਵਿੱਖ ਵਿਚ ਸੱਚ ਹਨ ।

☐ ਤਰ੍ਹਾਂ-ਤਰ੍ਹਾਂ ਦੇ ਮਨੁੱਖਾਂ ਦੇ ਨਾਲ ਮੇਲ ਰੱਖਣ ਨਾਲ ਮਨੁੱਖ ਦੇ ਸੁਭਾਓ ਦਾ ਚੰਗਾ ਗਿਆਨ ਹੁੰਦਾ ਹੈ । ਉੱਨਤੀ ਦੇ ਅਨੇਕ ਰਸਤੇ ਹਨ ਅਤੇ ਉਹਨਾਂ ਦਾ ਗਿਆਨ ਅਨੇਕ ਪਾਤਰਾਂ ਤੋਂ ਹੁੰਦਾ ਹੈ । ਕਦੇ ਕਦੇ ਆਪਣੇ ਅੰਦਰ ਛੁਪਿਆ ਹੋਇਆ ਮੈਲ ਵੀ ਉਹਨਾਂ ਪਾਤਰਾਂ ਦੇ ਕਾਰਨ ਨਿਕਲ ਜਾਂਦਾ ਹੈ ।

☐ ਜਿਸਨੂੰ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਉਹ ਮਨ ਭਾਉਂਦੇ ਪਦਾਰਥ ਪ੍ਰਾਪਤ ਨਹੀਂ ਕਰਦਾ, ਜੋ ਕਾਮੀ ਨਹੀਂ ਉਹ ਸ਼ਰੀਰ ਦੀ ਸ਼ੋਭਾ ਨਹੀਂ ਕਰਦਾ, ਜੋ ਚਤੁਰ ਨਹੀਂ ਉਹ ਮਿੱਠਾ ਨਹੀਂ

ਬੋਲ ਸਕਦਾ, ਜੋ ਸਪਸ਼ਟ ਬੋਲਣ ਵਾਲਾ ਹੈ ਉਹ ਠੱਗ ਨਹੀਂ ਹੋ ਸਕਦਾ ।

☐ ਰਾਜ ਦਾ ਨਾ ਰਹਿਣਾ ਚੰਗਾ, ਪਰ ਬੁਰੇ ਰਾਜੇ ਨੂੰ ਰਾਜ ਪ੍ਰਾਪਤ ਹੋਣਾ ਚੰਗਾ ਨਹੀਂ । ਮਿੱਤਰ ਦਾ ਨਾ ਹੋਣਾ ਚੰਗਾ, ਪਰ ਬੁਰੇ ਮਿੱਤਰ ਨੂੰ ਮਿੱਤਰ ਬਨਾਉਣਾ ਚੰਗਾ ਨਹੀਂ । ਚੇਲੇ ਦਾ ਨਾ ਹੋਣਾ ਚੰਗਾ ਹੈ, ਪਰ ਨਿੰਦਿਆ ਕਰਨ ਵਾਲੇ ਨੂੰ ਚੇਲਾ ਬਨਾਉਣਾ ਠੀਕ ਨਹੀਂ । ਇਸਤਰੀ ਨਾ ਹੋਣੀ ਚੰਗੀ, ਪਰ ਬੁਰੀ ਇਸਤਰੀ ਨੂੰ ਜੀਵਨ-ਸਾਥੀ ਬਨਾਉਣਾ ਠੀਕ ਨਹੀਂ ।

☐ ਦਿਲ ਵਿਚ ਸਰਲਤਾ ਹੋਣੀ ਚਾਹੀਦੀ ਹੈ, ਪਰ ਦਿਖਾਵੇ ਵਿਚ ਜ਼ਿਆਦਾ ਸਰਲਤਾ ਰੱਖਣ ਨਾਲ ਕਦੇ ਕਦੇ ਹਾਨੀ ਹੁੰਦੀ ਹੈ । ਵਨਾਂ ਵਿਚ ਜਾ ਕੇ ਦੇਖੋ, ਬੇਚਾਰੇ ਸਿੱਧੇ ਖੜੇ ਰਹਿਣ ਵਾਲੇ ਰੁੱਖ ਹੀ ਕੱਟ ਦਿੱਤੇ ਜਾਂਦੇ ਹਨ ਅਤੇ ਟੇਢੇ ਦਿਖਾਈ ਦੇਣ ਵਾਲੇ ਉਸੇ ਤਰ੍ਹਾਂ ਹੀ ਖੜੇ ਰਹਿੰਦੇ ਹਨ ।

☐ ਪਸ਼ੂ ਜਦੋਂ ਤਕ ਮਾਂ ਦਾ ਉਪਕਾਰ ਮੰਨਦੇ ਹਨ ਉਦੋਂ ਤਕ ਉਹ ਦੁੱਧ ਪਿਲਾਉਂਦੀ ਹੈ, ਬੁਰੇ ਪੁਰਖ ਇਸਤਰੀ ਮਿਲਣ ਤਕ ਉਪਕਾਰ ਮੰਨਦੇ ਹਨ, ਮੱਧਮ ਪੁਰਖ ਜਦੋਂ ਤਕ ਜਿਉਂਦੀ ਰਹਿੰਦੀ ਹੈ ਉਪਕਾਰ ਮੰਨਦੇ ਹਨ ਅਤੇ ਉੱਤਮ ਪੁਰਖ ਉਦੋਂ ਤਕ ਉਪਕਾਰ ਮੰਨਦੇ ਹਨ ਜਦੋਂ ਤਕ ਉਹ ਜਿਉਂਦੇ ਰਹਿੰਦੇ ਹਨ ।

☐ ਗਿਆਨੀ ਦੇ ਨਾਲ ਮੂਰਖ, ਧਨੀ ਦੇ ਨਾਲ ਗ਼ਰੀਬ-ਤਾਕਤ, ਵਰ ਦੇ ਨਾਲ ਕਮਜ਼ੋਰ, ਇਕੱਠ ਦੇ ਨਾਲ ਇਕੱਲਾ, ਸਵਾਮੀ ਦੇ ਨਾਲ ਸੇਵਕ, ਸਿੱਖਿਅਕ ਦੇ ਨਾਲ ਜੇ ਚੇਲਾ ਬਰਾਬਰੀ ਕਰੇ ਤਾਂ ਕੀ ਹੋਵੇਗਾ ? ਹਾਰ, ਦੁੱਖ ਅਤੇ ਬੇਇੱਜ਼ਤੀ ਹੋਰ ਕੁਝ ਨਹੀਂ ।

☐ ਇਕ ਤਿਨਕਾ, ਪਾਣੀ ਦੀ ਇਕ ਬੂੰਦ ਨੂੰ ਵੀ ਨਹੀਂ ਰੋਕ ਸਕਦਾ ਪਰ ਤਿਨਕਿਆਂ ਦਾ ਸਮੂਹ ਮੂਸਲਾਧਾਰ ਪਾਣੀ ਨੂੰ ਵੀ ਨੀਚਾ ਵਿਖਾ ਦਿੰਦਾ ਹੈ । ਇਸ ਤਰ੍ਹਾਂ ਇਕ ਆਦਮੀ ਕੁਝ ਨਹੀਂ ਕਰ ਸਕਦਾ, ਪਰ ਲੋਕਾਂ ਦਾ ਇਕੱਠ ਤਾਕਤਵਰ ਦੁਸ਼ਮਣ ਦੇ ਵੀ ਦੰਦ ਖੱਟੇ ਕਰ ਸਕਦਾ ਹੈ ।

☐ ਜਲ ਵਿਚ ਤੇਲ ਆਪਣੇ ਆਪ ਫੈਲ ਜਾਂਦਾ ਹੈ । ਦੁਸ਼ਟ ਮਨੁੱਖ ਵਿਚ ਗਈ ਹੋਈ ਗੱਲ ਆਪਣੇ ਆਪ ਫੈਲ ਜਾਂਦੀ ਹੈ । ਸੁਪਾਤਰ ਨੂੰ ਦਿੱਤਾ ਹੋਇਆ ਧਨ ਵੱਧਦਾ ਜਾਂਦਾ ਹੈ ਅਤੇ ਬੁੱਧੀਮਾਨ ਪੁਰਖ ਦਾ ਸ਼ਾਸਤਰ ਗਿਆਨ ਆਪਣੇ ਆਪ ਵੱਧਦਾ ਜਾਂਦਾ ਹੈ ।

☐ ਸੋਨੇ ਦਾ ਹਿਰਣ ਨਾ ਤਾਂ ਕਿਸੇ ਨੇ ਕਦੇ ਦੇਖਿਆ ਅਤੇ ਨਾ ਹੀ ਸੁਣਿਆ ਹੈ । ਫੇਰ ਵੀ ਸ਼੍ਰੀ ਰਾਮ ਚੰਦਰ ਜਿਹੇ ਗਿਆਨੀ ਪੁਰਖ ਦਾ ਮਨ ਸੋਨੇ ਦੇ ਹਿਰਣ ਲਈ ਲਲਚਾ ਗਿਆ, ਇਸ ਤੋਂ ਪਤਾ ਚਲਦਾ ਹੈ ਕਿ ਸੰਕਟ ਦੇ ਸਮੇਂ ਵੱਡੇ ਵੱਡਿਆਂ ਦੀ ਬੁੱਧੀ ਉਲਟੀ ਹੋ ਜਾਂਦੀ ਹੈ ।

☐ ਜੋ ਬਿਲਕੁਲ ਕਮਜ਼ੋਰ ਹੁੰਦਾ ਹੈ ਉਹ ਤਿਆਗ ਦਾ ਢੌਂਗ ਰਚਦਾ ਹੈ, ਜੋ ਨਿਰਧਨ ਹੈ ਉਹ ਬ੍ਰਹਮਚਾਰੀ ਬਣ ਜਾਂਦਾ ਹੈ। ਰੋਗੀ ਦੇਵਤਿਆਂ ਦੀ ਭਗਤੀ ਕਰਨ ਲੱਗ ਜਾਂਦਾ ਹੈ, ਬੁੱਢੀ ਇਸਤਰੀ ਪਤੀਵਰਤਾ ਬਣ ਬਹਿੰਦੀ ਹੈ। ਪਰ ਜਦੋਂ ਤਕ ਆਤਮਾ ਨਾ ਸਧਰੇ, ਓਪਰੀ ਢੌਂਗ ਦਾ ਕੁਝ ਫਲ ਨਹੀਂ ਹੁੰਦਾ।

☐ ਹਾਥੀ ਦਾ ਸ਼ਰੀਰ ਤਾਕਤਵਰ ਹੈ, ਪਰ ਫਿਰ ਵੀ ਉਹ ਅੰਕਸ਼ ਦੇ ਵੱਸ ਰਹਿੰਦਾ ਹੈ ਤਾਂ ਕੀ ਹਾਥੀ ਦੇ ਬਰ ਬਰ ਅੰਕੁਸ਼ ਹੈ? ਦੀਵਾ ਜਗਦੇ ਹੀ ਹਨੇਰਾ ਨਸ਼ਟ ਹੋ ਜਾਂਦਾ ਹੈ, ਤਾਂ ਕੀ ਦੀਵੇ ਦੇ ਸਮਾਨ ਹਨੇਰਾ ਹੈ? ਬਿਜਲੀ ਡਿੱਗਣ ਨਾਲ ਪਹਾੜਾਂ ਦਾ ਚੂਰਾ ਹੋ ਜਾਂਦਾ ਹੈ ਤਾਂ ਕੀ ਪਹਾੜਾਂ ਦੇ ਸਮਾਨ ਬਿਜਲੀ ਹੈ? ਛੋਟੇ ਹੋਣ ਤੇ ਵੀ ਜਿਸ ਵਿਚ ਤੇਜ ਹੁੰਦਾ ਹੈ ਉਹੀ ਬਲਵਾਨ ਗਿਣਿਆ ਜਾਂਦਾ ਹੈ। ਸਥੂਲਤਾ ਵੱਡੇ ਹੋਣ ਦਾ ਕਾਰਨ ਨਹੀਂ ਹੈ।

☐ ਜਿੱਥੇ ਧਰਮ, ਅਰਥ, ਕਾਮ ਵਿਚ ਰੁਕਾਵਟ ਪਾਉਣ ਵਾਲੇ ਭੀਲ, ਕੋਲ ਆਦਿ ਹਿੰਸਾ ਪ੍ਰੇਮੀ ਅਸੱਭ ਮਨੁੱਖ ਰਹਿੰਦੇ ਹੋਣ ਅਤੇ ਜੋ ਦੇਵ ਅਤੇ ਗੁਰੂ ਦੀ ਸਮੱਗਰੀ ਤੋਂ ਰਹਿਤ ਹੋਣ ਅਜਿਹੇ ਦੂਸ਼ਿਤ ਥਾਵਾਂ ਤੇ ਧਰਮਾਤਮਾ ਪੁਰਖਾਂ ਨੂੰ ਨਿਵਾਸ ਕਰਨ ਦੀ ਇੱਛਾ ਨਹੀਂ ਕਰਨੀ ਚਾਹੀਦੀ। ਅਜਿਹੇ ਥਾਵਾਂ ਵਿਚ ਰਹਿਣ ਨਾਲ ਚੋਰ, ਯਾਰ ਅਤੇ ਅਨਿਆਈਂ ਰਾਜੇ ਦੇ ਸੰਗ ਵਿਚ ਧਰਮਾਤਮਾ ਦੀ ਹਾਨੀ ਹੁੰਦੀ ਹੈ। ਦੇਵ, ਗੁਰੂ, ਧਰਮ ਅਤੇ ਸਹਧਰਮੀ ਭਰਾਵਾਂ ਦਾ ਸਤਿਸੰਗ ਨਾ ਹੋਣ ਤੇ ਧਰਮ ਦਾ ਪਾਲਨ ਨਹੀਂ ਹੁੰਦਾ।

□ ਜਿੱਥੇ ਧਰਮ ਸਾਧਨ ਦਾ ਅਵਸਰ ਮਿਲੇ, ਆਪਣੀ ਰਖਿਆ ਦਾ ਚੰਗਾ ਸਾਧਨ ਹੋਵੇ, ਜਲ ਹੋਵੇ, ਰਸੋਈ ਦੇ ਲਈ ਸ਼ੁੱਧ ਸਾਮਗਰੀ ਮਿਲੇ, ਜਾਤੀ ਵਾਲਿਆਂ ਦਾ ਨਿਵਾਸ ਹੋਵੇ, ਅਜਿਹੇ ਸੁੰਦਰ ਦੇਸ਼ ਵਿਚ ਵਾਸ ਕਰਨਾ ਚਾਹੀਦਾ ਹੈ, ਜਿੱਥੇ ਗੁਣੀ ਲੋਕ ਰਹਿੰਦੇ ਹਨ, ਆਪਸ ਵਿਚ ਪ੍ਰੇਮ ਹੋਵੇ, ਚੰਗੇ ਕੰਮ ਹੁੰਦੇ ਹਨ, ਇਸਤਰੀਆਂ ਅਤੇ ਪੁਰਖ ਸਦਾਚਾਰੀ ਹੋਣ, ਇੱਜ਼ਤ ਹੋਵੇ, ਜਲ ਵਾਯੂ ਖਰਾਬ ਨਾ ਹੋਵੇ, ਉੱਥੇ ਬੁੱਧੀਮਾਨ ਨਿਵਾਸ ਕਰਨ।

□ ਪਤੀ ਨਾਲ ਪਿਆਰ ਅਤੇ ਉਸਦੀ ਸੇਵਾ-ਭਗਤੀ ਕਰਨ ਵਾਲੀ, ਪਤੀ ਦੀਆਂ ਘਰ ਸਬੰਧੀ ਚਿੰਤਾਵਾਂ ਨੂੰ ਦੂਰ ਕਰਨ ਵਾਲੀ ਚਤੁਰ, ਗਿਆਨਵਤੀ, ਚੰਗੀ ਸਲਾਹ ਦੇਣ ਵਾਲੀ, ਘਰ ਵਿਚ ਆਏ ਹੋਏ ਮਹਿਮਾਨਾਂ ਦਾ ਆਦਰ ਕਰਨ ਵਾਲੀ, ਮਿੱਠੇ ਬਚਨ ਬੋਲਣ ਵਾਲੀ ਇਸਤਰੀ, ਘਰ ਦੀ ਇੱਛਾ ਨੂੰ ਪੂਰਾ ਕਰਨ ਦੇ ਲਈ ਕਲਪ ਰੁੱਖ ਦੇ ਸਮਾਨ ਹੈ। ਉਸਨੂੰ ਹੀ ਘਰ ਦੀ ਲੱਛਮੀ ਆਖਦੇ ਹਨ।

□ ਬੈਠੇ-ਬੈਠੇ ਤੀਲੇ ਤੋੜਨਾ, ਜ਼ਮੀਨ ਖੁਰਚਣਾ, ਉਂਗਲਾਂ ਚਟਕਾਉਣੀਆਂ, ਭੋਜਨ ਕਰਦੇ ਹੋਏ ਜ਼ਮੀਨ ਤੇ ਹਥੇਲੀ ਟਿਕਾ ਕੇ ਬੈਠਣਾ, ਮੱਥੇ ਤੇ ਹੱਥ ਰੱਖ ਕੇ ਬੈਠਣਾ, ਪੈਰ ਦੇ ਵਿਚ ਪੈਰ ਪਾ ਕੇ ਸੌਣਾ, ਚਲਦੇ ਹੋਏ ਖਾਣਾ, ਹਸਦੇ ਹਸਦੇ ਗੱਲ ਕਰਨੀ, ਦੋ ਆਦਮੀਆਂ ਦੀ ਗੱਲ ਵਿਚ ਬਿਨਾ ਆਗਿਆ

ਬੋਲਣਾ, ਇਹ ਸਾਰੇ ਐਬ ਹਨ, ਇਹਨਾਂ ਨੂੰ ਹਟਾਉਣਾ ਚਾਹੀਦਾ ਹੈ।

☐ ਗ਼ਰੀਬ ਆਦਮੀ ਵਿਚ ਜੇ ਉੱਦਮ ਅਤੇ ਖਿਮਾ, ਇਹ ਦੋ ਗੁਣ ਹੋਣ ਤਾਂ ਵੀ ਉਹ ਆਪਣੇ ਜੀਵਨ ਨੂੰ ਸੁਖੀ ਬਣਾ ਸ਼ਕਦਾ ਹੈ।

☐ ਕਸ਼ਟ ਆਉਣ ਤੇ ਵੀ ਚੰਦਨ ਦਾ ਰੁੱਖ ਆਪਣੀ ਸੁਗੰਧੀ ਨਹੀਂ ਛੱਡਦਾ, ਬੁਢਾਪੇ ਵਿਚ ਵੀ ਸ਼ੇਰ ਆਪਣੀ ਆਦਤ ਨਹੀਂ ਛੱਡਦਾ, ਕੋਹਲੂ ਵਿਚ ਪੈ ਜਾਣ ਤੇ ਵੀ ਗੰਨਾ ਆਪਣੀ ਮਿਠਾਸ ਨਹੀਂ ਛੱਡਦਾ, ਇਸੇ ਤਰ੍ਹਾਂ ਹੀ ਉੱਚੇ ਕੁਲ ਦਾ ਦਰਿਦਰੀ ਮਨੁੱਖ ਵੀ ਆਪਣੀ ਕੁਲੀਨਤਾ, ਸੁਸ਼ੀਲਤਾ, ਸੱਜਣਤਾ ਆਦਿ ਗਣ ਨਹੀਂ ਛੱਡਦਾ ਹੈ।

☐ ਜੇ ਲਾਲਚ ਹੈ ਤਾਂ ਹੋਰ ਪਾਪਾਂ ਨਾਲ ਕੀ ਮਤਲਬ ? ਜੇ ਚੁਗਲੀ ਹੈ ਤਾਂ ਹੋਰ ਪਾਪਾਂ ਨਾਲ ਕੀ ਮਤਲਬ ? ਮਨ ਸਾਫ਼ ਹੈ ਤਾਂ ਤੀਰਥ ਯਾਤਰਾ ਕਰਨ ਦਾ ਕੀ ਲਾਭ ? ਭਲੇ ਮਾਨਸੀ ਹੈ ਤਾਂ ਦੂਜੇ ਗੁਣਾਂ ਨਾਲ ਕੀ ਮਤਲਬ ? ਸੰਸਾਰ ਵਿਚ ਯਸ਼ ਹੈ ਤਾਂ ਗਹਿਣੇ ਪਾਉਣ ਨਾਲ ਕੀ ਲਾਭ ? ਜੇ ਵਿਦਿਆ ਹੈ ਤਾਂ ਧਨ ਦੀ ਕੀ ਚਿੰਤਾ ਹੈ ?

☐ ਦੂਜਿਆਂ ਦੀ ਖ਼ੁਸ਼ਾਮਦੀ ਕਰਨ ਵਿਚ ਬਹੁਤ ਲੋਕ ਕੁਸ਼ਲ ਹੁੰਦੇ ਹਨ। ਅਜਿਹਾ ਕਰਨ ਵਿਚ ਉਹਨਾਂ ਦਾ ਜ਼ਰੂਰ ਹੀ

ਕੁਝ ਸਵਾਰਥ ਹੁੰਦਾ ਹੈ । ਬਿਨਾਂ ਸਵਾਰਥ ਦੇ ਕੋਈ ਖ਼ੁਸ਼ਾਮਦ ਕਰਦਾ ਹੀ ਨਹੀਂ ।

- ☐ ਲੱਛਮੀ ਚੰਚਲ ਹੈ, ਜੀਵਨ ਚੰਚਲ ਹੈ, ਸੰਸਾਰ ਦਾ ਹਰ ਪਦਾਰਥ ਚੰਚਲ ਹੈ, ਕੇਵਲ ਧਰਮ ਚੰਚਲ ਨਹੀਂ ।

- ☐ ਮਨੁੱਖ ਧਰਮ ਸ਼ਾਸਤਰ ਸੁਣ ਕੇ ਧਰਮ ਨੂੰ ਜਾਣਦਾ ਹੈ, ਸ਼ਾਸਤਰ ਸੁਣ ਕੇ ਬੁਰੀ ਬੁੱਧੀ ਨੂੰ ਛੱਡ ਦਿੰਦਾ ਹੈ, ਸ਼ਾਸਤਰ ਸੁਣ ਕੇ ਗਿਆਨ ਪਾਉਂਦਾ ਹੈ ਅਤੇ ਸ਼ਾਸਤਰ ਸੁਣ ਕੇ ਮੁਕਤੀ ਪਾਉਂਦਾ ਹੈ ।

- ☐ ਜਿਵੇਂ ਤਲਾਅ ਦਾ ਪਾਣੀ ਜੇ ਨਿਕਲਦਾ ਰਹੇ ਤਾਂ ਹੀ ਉਹ ਸਾਫ਼ ਰਹਿੰਦਾ ਹੈ ਤੇ ਇਹੀ ਉਸਦੀ ਰੱਖਿਆ ਹੈ, ਇਸੇ ਤਰ੍ਹਾਂ ਕਮਾਏ ਹੋਏ ਧਨ ਦੀ ਰਖਿਆ ਦਾਨ ਨਾਲ ਹੁੰਦੀ ਹੈ ।

- ☐ ਜ਼ਿਆਦਾ ਕ੍ਰੋਧ, ਕੌੜੇ ਬਚਨ, ਦਰਿਦਰਤਾ, ਪਰਿਵਾਰ ਨਾਲ ਵੈਰ, ਨੀਚ ਦਾ ਸੰਗ, ਕੁਲਹੀਨ ਦੀ ਸੇਵਾ, ਪਾਪੀ ਮਨੁੱਖ ਦੇ ਚਿੰਨ੍ਹ ਹਨ ।

- ☐ ਮਨ ਅਤੇ ਵਚਨ ਦੀ ਪਵਿਤਰਤਾ, ਇੰਦਰੀਆਂ ਦਾ ਦਮਨ, ਮਨੁੱਖ ਤੇ ਦਯਾ, ਇਹ ਮਹਾਤਮਾ ਪੁਰਖਾਂ ਦੇ ਚਿੰਨ੍ਹ ਹਨ ।

- ☐ ਗੁਣ ਰੂਪ ਨੂੰ ਵਧਾਉਂਦਾ ਹੈ, ਸ਼ੀਲਤਾ ਕੁਲ ਨੂੰ ਸ਼ਿੰਗਾਰਦੀ